# 2022-23 ਦੇ ਲਈ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 40 ਰੁਪਏ ਪ੍ਰਤੀ ਕੁਇੰਟਲ ਵਧਿਆ

### ਮਸਰ, ਤੇਲ ਬੀਜਾਂ ਦੇ ਸਮਰਥਨ ਮੁੱਲ ਵਿੱਚ 400 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ

ਭਾਰਤ ਸਰਕਾਰ ਨੇ 2022-23 ਹਾੜ੍ਹੀ ਮੰਡੀਕਰਣ ਸਾਲ (ਅਪ੍ਰੈਲ-ਮਾਰਚ) ਦੇ ਲਈ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 40 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ ਕੀਤਾ ਹੈ। ਸਰਕਾਰ ਦੀ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਕਣਕ ਅਤੇ ਪੰਜ ਹੋਰ ਹਾੜ੍ਹੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਦਾ ਐਲਾਨ ਬੁਧਵਾਰ (8 ਸਤੰਬਰ, 2021) ਨੂੰ ਕੀਤਾ।

ਆਉਣ ਵਾਲੇ ਮੰਡੀਕਰਣ ਸਾਲ ਦੇ ਲਈ ਕਣਕ ਦਾ ਸਮਰਥਨ ਮੁੱਲ 2,015 ਰੁਪਏ ਪ੍ਰਤੀ ਕੁਇੰਟਲ ਹੈ ਜਿਹੜਾ ਕਿ 2021-22 ਵਿੱਚ 1,975 ਰੁਪਏ ਪ੍ਰਤੀ ਕੁਇੰਟਲ ਸੀ। ਪਿਛਲੇ ਸਾਲ ਤੋਂ ਕਣਕ ਦਾ ਸਮਰਥਨ ਮੁੱਲ 2 ਫੀਸਦੀ ਵਧਾਇਆ ਗਿਆ ਹੈ। ਜੌਂ ਦਾ ਸਮਰਥਨ ਮੁੱਲ 35 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ।

ਦਾਲਾਂ ਅਤੇ ਤੇਲ ਬੀਜਾਂ ਦਾ ਸਮਰਥਨ ਮੁੱਲ ਸਭ ਤੋਂ ਵੱਧ ਵਧਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਮਸਰ, ਸਰ੍ਹੋਂ ਅਤੇ ਤਾਰਾਮੀਰਾ ਦਾ ਘੱਟੋ-ਘੱਟ ਸਮਰਥਨ ਮੁੱਲ 400 ਰੁਪਏ ਪ੍ਰਤੀ ਕੁਇੰਟਲ, ਅਤੇ ਛੋਲਿਆਂ ਦਾ ਮੁੱਲ 130 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ, ਕੁਸੰਭਾ ਦੇ ਮੁੱਲ ਵਿੱਚ 114 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ।

**2022-23 ਸੀਜ਼ਨ ਦੌਰਾਨ ਸਰਕਾਰੀ ਖ਼ਰੀਦ ਲਈ ਹਾੜ੍ਹੀ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| ਫ਼ਸਲ | 2022-23 ਦੇ ਲਈ ਐੱਮ ਐੱਸ ਪੀ (ਰੁਪਏ/ਕੁਇੰਟਲ) | 2021-22 ਦੇ ਲਈ ਐੱਮ ਐੱਸ ਪੀ (ਰੁਪਏ/ਕੁਇੰਟਲ) | ਵਾਧਾ (ਰੁਪਏ/ਕੁਇੰਟਲ) | ਵਾਧਾ ਫੀਸਦੀ ਵਿੱਚ |
|---|---|---|---|---|
| ਕਣਕ | 2,015 | 1,975 | 40 | 2% |
| ਜੌਂ | 1,635 | 1,600 | 35 | 2% |
| ਛੋਲੇ | 5,230 | 5,100 | 130 | 3% |
| ਮਸਰ | 5,500 | 5,100 | 400 | 8% |
| ਸਰ੍ਹੋਂ ਅਤੇ ਤਾਰਾਮੀਰਾ | 5,050 | 4,650 | 400 | 9% |
| ਕੁਸੰਭਾ | 5,411 | 5,327 | 114 | 2% |